ਵਿਸ਼ਾ:-ਮਿਤੀ 12.07.2016 ਨੂੰ ਹੋਈ ਸਿਵਲ ਸਰਜਨ ਵੀਡੀਓ ਕਾਨਫਰੰਸ ਦੀ ਪ੍ਰੋਸੀਡਿੰਗ।

ਮਿਤੀ 12.07.2016 ਨੂੰ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ ਜੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫਤਰੀ ਕਮਰੇ ਪੰਜਾਬ ਸਿਵਲ ਸਕੱਤਰੇਤ -2 ਵਿਖੇ ਸਿਵਲ ਸਰਜਨ ਵੀਡੀਓ ਕਾਨਫਰੰਸ ਹੋਈ। ਕਾਨਫਰੰਸ ਵਿੱਚ ਐਮ.ਡੀ.ਐਨ.ਐਚ.ਐਮ/ਪੀ.ਐਚ.ਐਸ.ਸੀ ਸ੍ਰੀ ਹੁਸਨ ਲਾਲ ਆਈ.ਏ.ਐਸ, ਵਿਸ਼ੇਸ਼ ਸਕੱਤਰ ਸਿਹਤ ਸ੍ਰੀ ਵਿਕਾਸ ਗਰਗ, ਡੀ.ਐਚ.ਐਸ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ, ਡੀ.ਐਚ.ਐਸ(ਫ.ਵ) ਡਾ: ਧਰਮਪਾਲ,ਡਾਇਰੈਕਟਰ ਈ.ਐਸ.ਆਈ ਡਾ: ਗੁਲਸ਼ਨ ਰਾਏ, ਡਾਇਰੈਕਟਰ ਹੋਮਿਓਪੈਥੀ ਡਾ: ਰਮੇਸ਼ ਸ਼ਾਰਦਾ, ਅਤੇ ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫਸਰ ਹਾਜ਼ਰ ਹੋਏ।

ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਅਤੇ ਸਮੂਹ ਅਫ਼ਸਰ ਸਾਹਿਬਾਨ ਨੂੰ ਡਾਇਰੈਕਟਰਸਿਹਤ ਤੇ ਪਰਿਵਾਰ ਭਲਾਈ ਡਾ: ਹਰਿੰਦਰਪਾਲ ਸਿੰਘ ਬਾਲੀ ਜੀ ਵੱਲੋ ' ਜੀ ਆਇਆ ਨੂੰ' ਕਿਹਾ ਗਿਆ।

ਕਾਨਫਰੰਸ ਵਿੱਚ ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ ਆਪਣੇ -ਆਪਣੇ ਜ਼ਿਲ੍ਹੇ ਦੇ ਸੀ.ਐਚ.ਸੀ/ਬਲਾਕ ਇੰਚਾਰਜਾਂ ਸਮੇਤ ਵੀਡੀਓ ਕਾਨਫਰੰਸ ਰਾਹੀਂ ਜੁੜੇ। ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋ ਜ਼ਿਲ੍ਹਿਆਂ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ/ਨੈਸ਼ਨਲ ਪ੍ਰੋਗਰਾਮਾਂ/ਐਨ.ਐਚ.ਐਮ. ਦੇ ਫੰਡਾਂ ਦਾ ਜ਼ਾਇਜਾ ਲਿਆ ਗਿਆ । ਸਿਵਲ ਸਰਜਨਾਂ ਵੱਲੋਂ ਆਪਣੇ ਆਪਣੇ ਜ਼ਿਲ੍ਹੇ ਨਾਲ ਸਬੰਧਤ ਸਿਹਤ ਪ੍ਰੋਗਰਾਮਾਂ /ਚੱਲ ਰਹੀਆਂ ਗਤੀਵਿਧੀਆਂ ਅਤੇ ਰਿਪੋਰਟਾਂ/ਅੰਕੜਿਆਂ ਆਦਿ ਬਾਰੇ ਦੱਸਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸਟਾਫ ਦੀ ਘਾਟ ਅਤੇ ਹੋਰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ। ਜਿਨ੍ਹਾਂ ਦਾ ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋਂ ਮੌਕੇ ਤੇ ਹੀ ਨਿਪਟਾਰਾ ਕਰਵਾਇਆ ਗਿਆ।

ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਜੀ ਵੱਲੋਂ ਸਿਵਲ ਸਰਜਨਸ ਵੀਡੀਓਕਾਨਫਰੰਸ ਦੌਰਾਨ ਲਏ ਗਏ ਨਿਰਣਿਆ/ ਦਿਸ਼ਾ ਨਿਰਦੇਸ਼ਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

- ਸਾਰੇ ਕਰਮਚਾਰੀਆਂ/ਅਧਿਕਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਤੁਰੰਤ ਸਟੇਟ ਹੈਡਕੁਆਟਰ ਭੇਜੀਆਂ ਜਾਣ।ਸਲਾਨਾ ਗੁਪਤ ਰਿਪੋਰਟਾਂ ਭੇਜਣ ਸਬੰਧੀ ਸਮੂਹ ਸਿਵਲ ਸਰਜਨ ਆਪਣੇ ਆਪਣੇ ਸਰਟੀਫਿਕੇਟ ਸਟੇਟ ਹੈਡਕੁਆਟਰ ਭੇਜਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ ਨਹੀਂ ਲਿਖੀ ਗਈ ਤਾਂ ਉਸਦੇ ਕਾਰਣ ਸਪੱਸਟ ਕਰਦੇ ਹੋਏ ਰਿਪੋਰਟ ਸਟੇਟ ਹੈਡਕੁਆਟਰ ਭੇਜੀ ਜਾਵੇ।ਸਲਾਨਾ ਗੁਪਤ ਰਿਪੋਰਟ ਲਿਖਣ ਦੀ ਜਿੰਮੇਵਾਰੀ ਸਿਵਲ ਸਰਜਨ ਦੀ ਹੋਵੇਗੀ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਕਿਸੇ ਵੀ ਅਧਿਕਾਰੀ ਨੂੰ ਆਪਣੀ ਰਿਟਾਇਰਮੈਂਟ ਦੇ ਇੱਕ ਮਹੀਨੇ ਤੋਂ ਬਾਅਦ ਕਿਸੇ ਦੀ ਸਲਾਨਾ ਗੁਪਤ ਰਿਪੋਰਟ ਲਿਖਣ ਦਾ ਅਧਿਕਾਰ ਨਹੀਂ ਹੈ। ਜੇਕਰ ਕਿਸੇ ਅਧਿਕਾਰੀ ਜਾਂ

- ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ ਨਹੀਂ ਲਿਖੀ ਗਈ ਤਾਂ ਉਸ ਸਮੇਂ ਦੇ ਮੌਜੂਦਾ ਲਿਖਣ ਵਾਲੇ ਅਧਿਕਾਰੀ ਤੋਂ ਲਿਖਵਾ ਕੇ ਸਲਾਨਾ ਗੁਪਤ ਰਿਪੋਰਟ ਸਟੇਟ ਹੈਡਕੁਆਟਰ ਭੇਜੀ ਜਾਵੇ ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਐਨ.ਐਚ.ਐਮ ਦੇ ਫੰਡਾਂ ਦੀ ਸਹੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।ਆਰ.ਸੀ.ਐਚ. ਐਡੀਸ਼ਨੈਲੀਟੀਜ ,ਵੀ.ਐਚ.ਐਸ.ਸੀ ਅਧੀਨ ਉਪਲੱਬਧ ਫੰਡਾਂ ਦੀ ਵਰਤੋਂ ਸਮੇਂ ਸਿਰ ਖਰਚ ਕਰਨੀ ਯਕੀਨੀ ਬਣਾਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਕੰਡਮ ਗੱਡੀਆ ਅਤੇ ਕੰਡਮ ਸਾਮਾਨਸਬੰਧੀ ਰੀਵਿਊ ਕੀਤਾ ਜਾਵੇ। ਜੇਕਰ ਗੱਡੀਆਂ ਕੰਡਮ ਕਰਨ ਸਬੰਧੀ ਕੋਈ ਦਿੱਕਤ ਆਉਦੀ ਹੈ ਤਾਂ ਡੀ.ਐਚ.ਐਸ ਨਾਲ ਤਾਲਮੇਲ ਕੀਤਾ ਜਾਵੇ। ਕੰਡਮ ਗੱਡੀਆਂ ਦੀ ਸਟੇਟਸ ਰਿਪੋਰਟ ਤੁਰੰਤ ਸਟੇਟ ਹੈਡਕੁਆਟਰ ਭੇਜੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਰਕਾਰੀ ਸਿਹਤ ਸੰਸਥਾਵਾਂ ਵਿੱਚ ਵਾਧੂ ਪਏ ਕਬਾੜ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਬਦਲੀਆਂ ਦੌਰਾਨ ਜਿਹੜੇ ਅਧਿਕਾਰੀਆਂ ਨੇ ਆਪਣੀ ਪੋਸਟ ਤੇ ਹਾਜ਼ਰੀ ਰਿਪੋਰਟ ਨਹੀਂ ਪੇਸ ਕੀਤੀ।ਉਨ੍ਹਾਂ ਦੀ ਚਾਰਜਸ਼ੀਟ ਤਿਆਰ ਕਰਕੇ ਸਟੇਟ ਹੈਡਕੁਆਟਰ ਭੇਜੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜਿਹੜੇ ਜ਼ਿਲ੍ਹਿਆ ਵਿੱਚ ਸੀਨੀਅਰ ਰੈਜੀਡੈਂਟ ਨੇ ਟਰਮ ਪੂਰੀ ਹੋਣ ਤੇ ਵਾਪਸ ਜੁਆਇੰਨ ਨਹੀਂ ਕੀਤਾ ਉਨ੍ਹਾਂ ਦੀ ਰਿਪੋਰਟ ਸਟੇਟ ਹੈਡਕੁਆਟਰ ਭੇਜੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਐਨ.ਐਚ.ਐਮ ਦੇ ਖਰਚਿਆ ਦੀ ਰਿਪੋਰਟ ਸਟੇਟ ਹੈਡਕੁਆਟਰ ਨੂੰ ਭੇਜਣ ਤੋਂ ਪਹਿਲਾਂ ਸਿਵਲ ਸਰਜਨ ਆਪ ਉਸ ਰਿਪੋਰਟ ਨੂੰ ਚੈੱਕ ਕਰਨਗੇ ਅਤੇ ਚੈੱਕ ਕਰਨ ਉਪਰੰਤ ਹੀ ਰਿਪੋਰਟ ਸਟੇਟ ਹੈਡਕੁਆਟਰ ਭੇਜਣਗੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਾਰੀਆਂ ਰਿਪੋਰਟਾਂ/ਐਨ.ਐਚ.ਐਮਦੀਆਂ ਰਿਪੋਰਟਾ ਸਿਵਲ ਸਰਜਨਜ਼ ਦੇ ਦਸਤਖਤਾ ਹੇਠ ਹੀ ਸਟੇਟ ਹੈਡਕੁਆਟਰ ਭੇਜੀਆ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਅਰਬਨ ਹੈਲਥ ਮਿਸ਼ਨ ਅਧੀਨ ਓਰੀਐਨਟੇਸ਼ਨ ਟ੍ਰੇਨਿੰਗ ਦੇ ਫੰਡ ਜਿਹੜੇ ਜ਼ਿਲ੍ਹਿਆ ਨੂੰ ਭੇਜੇ ਹਨ।ਉਹ ਜ਼ਿਲ੍ਹੇ ਇਨ੍ਹਾਂ ਫੰਡਾਂ ਨੂੰ ਜੁਲਾਈ ਮਹੀਨੇ ਵਿੱਚ ਖਰਚ ਕਰਕੇ ਰਿਪੋਰਟ ਸਟੇਟ ਹੈਡਕੁਆਟਰ ਭੇਜਣਗੇ।

  (ਸਬੰਧਤ ਸਿਵਲ ਸਰਜਨ ਕਾਰਵਾਈ ਕਰਨ)

- ਸ਼ਾਮ ਦੀ ਓ.ਪੀ.ਡੀ ਦੀ ਪਰਚੀ ਦੀ ਫੀਸ ਯੂਜਰ ਚਾਰਜਿਸ ਵਿੱਚ ਪਾ ਦਿੱਤੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜ਼ਿਲ੍ਹਾ ਵਿਜੀਲੈਂਸ ਕਮੇਟੀ ਦੀਆਂ ਕੁਆਰਟਲੀ  ਮੀਟਿੰਗਾਂ ਕਰਵਾਈਆ ਜਾਣ ਅਤੇ ਰਿਪੋਰਟ ਸਟੇਟ ਹੈਡਕੁਆਟਰ ਭੇਜੀ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਿਹਤ ਸੰਸਥਾ ਵਿੱਚ ਡਲਿਵਰੀ ਹੋਣ ਤੇ ਮਾਂ ਅਤੇ ਉਸ ਦੇ ਨਵ-ਜੰਮੇ ਬੱਚੇ ਨੂੰ ਕੋਈ ਸਸਤੀ ਤੇ ਛੋਟੀ ਨਾਨ ਏ.ਸੀ. ਗੱਡੀ ਵਿੱਚ ਘਰ ਛੱਡ ਕੇ ਆਉਣ ਦੀ ਜਿੰਮੇਵਾਰੀ ਸਿਹਤ ਸੰਸਥਾ ਦੀ ਹੋਵੇਗੀ ਅਤੇ  ਆਉਣ ਵਾਲਾ ਖਰਚਾ ਐਨ.ਐਚ.ਐਮ ਦੇ ਫੰਡਾਂ ਵਿੱਚੋ ਬੁੱਕ ਕਰ ਲਿਆ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 5 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੀ ਪਰਚੀ ਫੀਸ ਮੁਆਫ਼ਕਰਨੀ ਹੈ ਅਤੇ ਪਰਚੀ ਫੀਸ ਦਾ ਖਰਚਾ ਐਨ.ਐਚ.ਐਮ ਦੇ ਫੰਡਾਂ ਵਿਚੋਂ ਬੁੱਕ ਕਰ ਲਿਆ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 5 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੇ ਇਲਾਜ ਦੌਰਾਨ ਜਿਹੜੀ ਦਵਾਈ ਸਿਹਤ ਸੰਸਥਾਂ ਵਿੱਚ ਉਪਲਬਧ ਨਹੀਂ ਹੈ ਉਹ ਕਿਸੇ ਵੀ ਮੈਡੀਕਲ ਸਟੋਰ  ਨਾਲ ਤਾਲਮੇਲ ਕਰਕੇ  ਉਪਲਬਧ ਕਰਵਾਈ ਜਾਵੇ।ਦਵਾਈ ਖ੍ਰੀਦ ਕਰਨ ਤੋਂ ਪਹਿਲਾਂ ਸਬੰਧਤ ਸਿਹਤ ਸੰਸਥਾਂ ਦੇ ਮੁਖੀ ਤੋਂ ਪ੍ਰਵਾਨਗੀ ਲੈ ਲਈ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਐਨ.ਐਚ.ਐਮ ਵਿੱਚ ਫੰਡਾਂ ਦੀ ਕੋਈ ਘਾਟ ਨਹੀਂ ਹੈ। ਐਨ.ਐਚ.ਐਮ ਦੀਆਂ ਚੱਲ ਰਹੀਆਂ ਸਾਰੀਆਂ ਸਿਹਤ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ਅਤੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜਿਹੜੇ ਬਲੱਡ ਬੈਕਾਂ ਦੇ ਲਾਈਸੈਂਸ ਰੀਨਿਊ ਕਰਨ ਵਾਲੇ ਹਨ, ਉਹ ਰੀਨਿਊ ਕਰਵਾ ਲਏ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- Whatsapp group ਤੇ ਜਰੂਰੀ ਚੀਜ਼ਾ ਹੀ ਪਾਈਆ ਜਾਣ। ਫਾਲਤੂ ਫੋਟੋਆ ਨਾ ਪਾਈਆ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਐਮ.ਡੀ, ਐਨ.ਐਚ.ਐਮ/ਪੀ.ਐਚ.ਐਸ.ਸੀ-ਸ੍ਰੀ ਹੁਸਨ ਲਾਲ, ਆਈ.ਏ.ਐਸ

- ਅਰਬਨ ਪੀ.ਐਚ.ਸੀ ਵਿੱਚ ਸ਼ਾਮ ਦੀ ਓ.ਪੀ.ਡੀ ਸੁਰੂ ਕੀਤੀ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਮੂਹ ਸਿਵਲ ਸਰਜਨ ਏ.ਐਨ.ਐਮ ਨੂੰ ਹਦਾਇਤ ਕਰਨ ਕਿ ਆਸ਼ਾ ਕਿੱਟਸ ਵਿੱਚ ਸਾਰੀਆਂ ਦਵਾਈਆਂ ਮੌਜੂਦ ਹੋਣੀਆਂ ਚਾਹੀਦੀਆਂ ਹਨ ਜਿਹੜੀ ਕਿ ਆਸ਼ਾ ਕਿੱਟਸ ਵਿੱਚ ਹੋਣੀਆਂ ਚਾਹੀਦੀਆਂ ਹਨ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡਿਸੀਜ ਕੰਟਰੋਲ ਪ੍ਰੋਗਰਾਮ ਦੀਆਂ ਰਿਪੋਰਟਾਂ ਸਹੀ ਕਰਕੇ ਹੀ ਸਟੇਟ ਹੈਡਕੁਆਟਰ ਭੇਜੀਆਂ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਨਾਰਮਲ ਡਿਲਵਰੀ ਵਿੱਚ ਸਿਰਫ ਇੱਕ ਵਾਰ ਹੀ ਅਲਟਰਾਸਾਉਂਡ ਕੀਤਾ ਜਾਣਾ ਹੈ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਏ.ਐਨ.ਐਮ, ਇਨਟੇਗਰੇਟਿਡ ਆਰ.ਸੀ.ਐਚ ਦਾ ਰਜਿਸਟਰ ਮੇਨਟੇਨ ਕਰਨਗੀਆਂ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਤਹਿਤ ਜੇਕਰ ਸਬੰਧਤ ਸਿਹਤ ਸੰਸਥਾ ਦਾ ਸਾਫਟਵੇਅਰ ਕੰਮ ਨਹੀਂ ਕਰ ਰਿਹਾ ਤਾਂ ਮਰੀਜ਼ ਦਾ ਇਲਾਜ ਕਰਨਾ ਜ਼ਰੂਰੀ ਹੈ। ਇਸ ਸਬੰਧੀ ਆਉਣ ਵਾਲੇ ਖਰਚੇ ਦਾ ਮੈਨੂਅਲ ਡਾਟਾ ਤਿਆਰ ਕਰ ਲਿਆ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜੇ.ਐਸ.ਵਾਈ., ਜੇ.ਐਸ.ਐਸ.ਕੇ., ਬਰੈਸਟ ਫੀਡਿੰਗ, 104 ਹੈਲਪਲਾਈਨ, 108 ਆਦਿ ਸਬੰਧੀ ਬੈਨਰ/ਪੋਸਟਰ ਸਿਹਤ ਸੰਸਥਾਵਾਂ ਵਿੱਚ ਲੱਗੇ ਹੋਣੇ ਚਾਹੀਦੇ ਹਨ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜ਼ਿਲ੍ਹਾ ਸਿਹਤ ਕਮੇਟੀ ਦੀ ਕੁਆਟਰਲੀ ਮੀਟਿੰਗ 30 ਦਿਨਾਂ ਦੇ ਅੰਦਰ-ਅੰਦਰ ਹੋਣੀ ਚਾਹੀਦੀ ਹੈ। ਐਮ.ਪੀ. ਨਾਲ ਸਮਾਂ ਫਿਕਸ ਕੀਤਾ ਜਾਵੇ। ਜੇਕਰ ਸਮਾਂ ਨਹੀ ਮਿਲਦਾ ਤਾਂ ਡੀ.ਸੀ. ਦੀ ਪ੍ਰਧਾਨਗੀ ਹੇਠ ਮੀਟਿੰਗ ਹੋਣੀ ਚਾਹੀਦੀ ਹੈ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਾਰੇ ਬਲੱਡ ਬੈਂਕਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਈ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਜ਼ਿਲ੍ਹਿਆ ਨੂੰ ਜਿਹੜਾ ਵੀ ਸਮਾਨ ਚਾਹੀਦਾ ਹੈ ਉਸ ਸਮਾਨ ਦੀ ਤਜ਼ਵੀਜ ਬਣਾ ਕੇ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ-ਡਾ: ਹਰਿੰਦਰਪਾਲ ਸਿੰਘ ਬਾਲੀ

- ਸਾਰੀਆ ਸਿਹਤ ਸੰਸਥਾਵਾਂ/ਹਸਪਤਾਲਾ ਦੀ ਸਫਾਈ ਰੱਖੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਕਈ ਸਿਹਤ ਸੰਸਥਾਵਾ ਦੇ ਬਾਥਰੂਮ ਬਹੁਤ ਗੰਦੇ ਹਨ ਸਫਾਈ ਦਾ ਧਿਆਨ ਰੱਖਿਆ ਜਾਵੇਅਤੇ ਬਾਥਰੂਮਾਂ ਦੀ ਰਗੜਾਈ ਕਰਵਾਈ ਜਾਵੇ।ਬਾਥਰੂਮਾਂ ਵਿੱਚ ਰੈਗੂਲਰ ਲਾਈਟਾ ਦਾ ਪ੍ਰਬੰਧ ਕੀਤਾ ਜਾਵੇ।ਹੱਥ ਸਾਫ ਕਰਨ ਲਈ ਬਾਥਰੂਮਾਂ ਵਿੱਚ ਸਾਬਣ ਰੱਖਿਆ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਹੜ੍ਹ-ਪੀੜ੍ਹਤ ਜ਼ਿਲ੍ਹਿਆ ਨਾਲ ਸਬੰਧਤ ਸਿਵਲ ਸਰਜਨ ਪਹਿਲਾਂ ਹੀ ਤਿਆਰੀ ਕਰ ਲੈਣ ਅਤੇ ਹੜ੍ਹ ਨਾਲ ਨਜਿੱਠਣ ਲਈ ਆਪਣਾ ਪਲਾਨ ਤਿਆਰ ਕਰਕੇ ਸਟੇਟ ਹੈਡਕੁਆਟਰ ਭੇਜਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਲੈਬ ਟੈਕਨੀਸੀਅਨ ਪ੍ਰਮੋਟ ਕੀਤੇ ਜਾਣੇ ਹਨ, ਦਾ ਰਿਕਾਰਡ ਤੁਰੰਤ ਸਟੇਟ ਹੈਡਕੁਆਰਟਰਜ ਭੇਜਿਆ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਬਰਸਾਤ ਦਾ ਮੌਸਮ ਹੋਣ ਕਰਕੇ ਡੇਂਗੂ ਦੀ ਬਿਮਾਰੀ ਹੋਣ ਦਾ ਖਦਸਾ ਹੈ। ਇਸ ਲਈ ਅਗੇਤੇ ਹੀ ਡੇਂਗੂ ਨਾਲ ਨਿਪਟਣ ਲਈ ਪੁਖਤਾ ਪ੍ਰਬੰਧ ਕਰ ਲਏ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਾਰੀਆ ਸਿਹਤ ਸੰਸਥਾਵਾਂ ਵਿੱਚ ਹਰ ਸੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡੇਂਗੂ ਸਬੰਧੀਰਿਪੋਰਟ ਹਰ ਰੋਜ਼ ਸਟੇਟ ਹੈਡਕੁਆਟਰ ਭੇਜੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਅਰਬਨ ਏਰੀਆ ਵਿੱਚ ਆਸਾ ਦੁਆਰਾ ਬਲੱਡ ਸਲਾਈਡਾ ਬਣਾਈਆ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਆਊਟ ਬਰੇਕ ਵਾਲੇ ਏਰੀਏ ਵੱਲ ਖਾਸ ਤਵੱਜੋ ਦਿੱਤੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਫੇਕੋ ਸਰਜਰੀ ਵਧਾਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਬਾਇਓ ਮੈਡੀਕਲ ਵੇਸਟ ਦੀਆਂ ਰਿਪੋਰਟਾਂ ਭੇਜੀਆਂ ਜਾਣ। ਜਿਹੜੇ ਜ਼ਿਲ੍ਹਿਆਂ ਨੇ ਨਹੀ ਭੇਜੀਆਂ ਉਹ ਕਾਰਣ ਸਪੱਸਟ ਕਰਦੇ ਹੋਏ ਆਪਣੀਆਂ ਰਿਪੋਰਟਾਂ ਤੁਰੰਤ ਭੇਜਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਪੀ ਫਾਰਮ ਦੀ ਰਿਪੋਰਟਿੰਗ ਘੱਟ ਆ ਰਹੀ ਹੈ। ਇਸ ਵਿੱਚ ਤੁਰੰਤ ਸੁਧਾਰ ਕੀਤਾ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਨੈਸ਼ਨਲ ਆਓਡੀਨ ਪ੍ਰੋਗਰਾਮ ਦੀ ਪਰਫਾਰਮੈਸ ਸੁਰੂ ਕੀਤੀ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਐਨ.ਪੀ.ਸੀ.ਬੀ ਪ੍ਰੋਗਰਾਮ ਅਧੀਨ ਕੈਟਾਰੈਕਟ ਸਰਜਰੀ ਦੇ ਕੰਮ ਵਿੱਚ ਸੁਧਾਰ ਕੀਤਾ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਆਰ.ਐਨ.ਟੀ.ਸੀ.ਪੀ ਅਧੀਨ ਟੀ.ਬੀ ਮਰੀਜ਼ਾ ਦਾ ਨੋਟੀਫਿਕੇਸਨ ਰੇਟ ਘੱਟ ਹੈ ਇਸ ਵਿੱਚ ਤੁਰੰਤ ਸੁਧਾਰ ਕੀਤਾ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡਰੱਗ ਡੀ ਐਡੀਕਸ਼ਨ ਸੈਂਟਰ ਅਤੇ ਰੀ-ਹੈਬੀਲੀਟੇਸ਼ਨ ਸੈਂਟਰਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ਅਤੇ ਰੈਗੂਲਰ ਚੈਕਿੰਗ ਕੀਤੀ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਡਾਇਰੈਕਟਰ ਪਰਿਵਾਰ ਭਲਾਈ - ਡਾ: ਧਰਮਪਾਲ

- SNCU ਦੀ ਰਿਪੋਰਟ ਹਾਲ ਦੀ ਘੜੀ ਮਹੀਨਾਵਾਰ ਹੀ ਆਵੇਗੀ। ਜਦੋ ਤੱਕ ਐਮ.ਸੀ.ਐਚ ਡਵੀਜ਼ਨ ਦੇ ਪ੍ਰਤੀਨਿਧੀ ਦੁਆਰਾ ਟ੍ਰੇਨਿੰਗ ਨਹੀਂ ਹੁੰਦੀ ਅਤੇ ਆਨਲਾਈਨ ਸਾਫਟਵੇਅਰ ਲਾਗੂ ਨਹੀ ਹੁੰਦਾ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡੀ.ਐਫ.ਡਬਲਯੂ ਨੇ ਇਹ ਦੱਸਿਆ ਕਿ ਜਿਹੜੀਆ ਸਟਾਫ ਨਰਸਾਂ ਜ਼ਿਲ੍ਹਿਆਂ ਵਿੱਚ ਭੇਜੀਆ ਗਈਆ ਹਨ, ਉਹਨਾਂSNCU ਵਿਖੇ ਜੁਆਇੰਨ ਕੀਤਾ ਹੈ ਜਾਂ ਨਹੀਂ। SNCU ਵਿੱਚ ਕੋਈ ਸਟਾਫ ਨਰਸ ਦੀ ਆਸਾਮੀ ਖਾਲੀ ਨਹੀਂ ਹੋਣੀ ਚਾਹੀਦੀ।

- ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਲੈਬ ਟੈਸਟ ਦੀਆਂ ਰਿਪੋਰਟਾਂ ਭੇਜੀਆਂ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਟੀਕਾਕਰਣ ਅਤੇ **NPCDCS :-**

- ਸਮੁੱਚੇ ਟੀਕਾਕਰਣ ਦੇ ਬਣਦੇ ਟਾਰਗੇਟ ਪੂਰੇ ਕੀਤੇ ਜਾਣ।
- ਯੈਲੋ ਫੀਵਰ ਵੈਕਸੀਨੇਸਨ ਦਾ ਸੈਂਟਰ ਸਿਵਲ ਹਸਪਤਾਲ ਮੋਹਾਲੀ ਵਿਖੇ ਬਣਾਇਆ ਗਿਆ ਹੈ। ਇਸ ਸਬੰਧੀ ਜਲਦੀ ਹੀ ਟਰੇਨਿੰਗ ਸੁਰੂ ਕਰ ਦਿੱਤੀ ਜਾਵੇਗੀ।
- ਕੈਂਸਰ ਕੰਟਰੋਲ ਸੈੱਲ ਨਾਲ ਸਬੰਧਤ ਓਸਵਾਲ ਹਸਪਤਾਲ,ਪਟੇਲ ਹਸਪਤਾਲ,ਦੀਆਂ ਕੈਂਸਰ ਸਬੰਧੀ ਰਿਪੋਰਟਾਂ ਸਟੇਟ ਹੈਡਕੁਆਰਟਰ ਭੇਜੀਆਂ ਜਾਣ ਅਤੇ ਇਨ੍ਹਾਂ ਹਸਪਤਾਲ ਦੇ ਯੂ.ਸੀ ਵੀ ਭੇਜੇ ਜਾਣ।
- ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਦੀਆਂ ਯੂ.ਸੀ ਵਾਲੀਆਂ ਪੈਡਿੰਗ ਫਾਈਲਾਂ ਸਟੇਟ ਹੈਡਕੁਆਰਟਰ ਭੇਜੀਆਂ ਜਾਣ।

- ਪੀ.ਐਚ.ਸੀ/ਸੀ.ਐਚ.ਸੀ/ਐਸ.ਡੀ ਵਿੱਚ ਡਾਈਬਟੀਜ਼ ਸਬੰਧੀ ਜਿਹੜੇ ਟੈਸਟੇ ਕੀਤੇ ਜਾਣੇ ਹਨ ਉਹ ਬਿਲਕੁਲ ਫਰੀ ਕੀਤੇ ਜਾਣੇ ਹਨ।

ਕੈਂਸਰ ਕੰਟਰੋਲ ਪ੍ਰੋਗਰਾਮ

- ਸਿਵਲ ਸਰਜਨ ਸਾਰੀਆਂ ਫਾਈਲਾਂ ਨੂੰ ਸਕਰੂਟੀਨਾਈਜ਼ ਕਰਕੇ ਭੇਜਣ। ਸਾਰੀਆਂ ਫਾਈਲਾਂ ਮੁਕੰਮਲ ਕਰਕੇ ਭੇਜੀਆਂ ਜਾਣ। ਅਧੂਰੀਆਂ ਫਾਈਲਾਂ ਸਟੇਟ ਹੈਡਕੁਆਟਰ ਨੂੰ ਨਾ ਭੇਜੀਆਂ ਜਾਣ।

ਂ **ੜਭ ਧਛਫ** ਅਤੇ **ਾਧਸ਼ਫ**

- ਮਲੇਰੀਆਂ ਸਬੰਧੀ ਸਰਵੇਖਣ ਮਜਬੂਤ ਕੀਤਾ ਜਾਵੇ।
- ਡੇਂਗੂ ਸਬੰਧੀ ਰਿਪੋਰਟ ਹਰ ਰੋਜ ਸਟੇਟ ਹੈਡਕੁਆਰਟਰ ਭੇਜੀ ਜਾਵੇ।
- ਅਰਬਨ ਏਰੀਏ ਵਿੱਚ ਜਿੱਥੇ ਬਰੀਡਿੰਗ ਹੋ ਰਹੀ ਹੈ ਉਥੇ ਆਸਾ ਦੁਆਰਾ ਬਲੱਡ ਸਲਾਈਡਾ ਬਣਾਈਆ ਜਾਣ।

ਪਰਿਵਾਰ ਭਲਾਈ

- ਵਰਲਡ ਪਾਪੂਲੇਸ਼ਨ ਡੇਅ 11 ਜੁਲਾਈ 2016ਦੀ ਰਿਪੋਰਟ ਭੇਜੀ ਜਾਵੇ।
- ਵਰਲਡ ਪਾਪੂਲੇਸ਼ਨ ਫੋਰਟਨਾਈਟ ਦੀ ਰਿਪੋਰਟ ਪਰਫਾਰਮੇ ਤੇ ਹਰ ਰੋਜ਼ ਭੇਜੀ ਜਾਵੇ।
- ਫੈਮਿਲੀ ਪਲਾਨਿੰਗ ਦੀ ਦੀ ਕੁਆਰਟਲੀ ਮੀਟਿੰਗ ਕਰਕੇ ਉਸ ਮੀਟਿੰਗ ਦੇ ਮਿਨਟਸ ਰੱਖੇ ਜਾਣ।
- ਸਾਰੀਆ ਸਿਹਤ ਸੰਸਥਾਵਾਂ ਵਿੱਚ ਗਰਭਨਿਰੋਧਕਾਂ ਦੀ ਸਪਲਾਈ ਯਕੀਨੀ ਬਣਾਈ ਜਾਵੇ।
- IFA Tablet ਸਕੂਲੀ ਬੱਚਿਆ ਤੱਕ ਪਹੁੰਚਾਣੀਆਂ ਜ਼ਰੂਰੀ ਹਨ। ਇਸ ਲਈ ਐਸ.ਐਮ.ਓ ਪੁਰਾਣਾ ਸਿਸਟਮ ਅਪਣਾਉਂਦੇ ਹੋਏ ਸਕੂਲਾ ਤੱਕ IFA Tablet ਪਹੁੰਚਾਉਣ।

ਐਮ.ਸੀ.ਐਚ

- ਬਰਥ ਕਮਪੈਨੀਅਨ ਦੀ ਰਿਪੋਰਟ ਭੇਜੀ ਜਾਵੇ।
- ਸਟੇਟ ਹੈਡਕੁਆਟਰ ਤੋਂ ਪਾਰਟੋਗਰਾਫ ਕੁਲੈਕਟ ਕਰ ਲਏ ਜਾਣ।
- ਲੇਬਰ ਰੂਮ ਵਿੱਚ ਆਈ.ਈ.ਸੀ ਮਟੀਰੀਅਲ ਹੋਣਾ ਚਾਹੀਦਾ ਹੈ।
- ਅਨੀਮਿਆ ਲਈ ਲਾਲ ਸਟਿੱਕਰ, ਬਲੱਡ ਪ੍ਰੈਸਰ ਲਈ ਨੀਲਾ ਸਟਿੱਕਰ, ਨਾਰਮਲ ਲਈ ਹਰਾ ਸਟਿੱਕਰ ਲਗਾਇਆ ਜਾਵੇ।

ਪੀ.ਐਨ.ਡੀ.ਟੀ

- ਰਜਿਸਟਰਡ ਅਲਟਰਾਂਸਾਊਡ ਸੈਟਰਾਂ ਦੀ ਚੈਕਿੰਗ ਕੀਤੀ ਜਾਵੇ।
- ਭਰੂਣ ਦਾ ਲਿੰਗ ਪਤਾ ਨਹੀਂ ਕੀਤਾ ਜਾ ਸਕਦਾ। ਇਸ ਸਬੰਧੀ ਬਕਾਇਦਾ ਬੋਰਡ ਜ਼ਰੂਰ ਲਗਵਾਏ ਜਾਣ।
- ਅਲਟਰਾਂਸਾਊਂਡ ਸੈਟਰਾਂ ਦੀ ਮੈਪਿੰਗ ਕਰਵਾਈ ਜਾਵੇ।
- ਜ਼ਿਲ੍ਹਾ ਐਡਵਾਈਜਰੀ ਕਮੇਟੀ ਦੀ ਮੀਟਿੰਗ ਕਰਵਾਈ ਜਾਵੇ।

ਰੇਬੀਜ਼ ਕੰਟਰੋਲ ਪ੍ਰੋਗਰਾਮ

- ਰੇਬੀਜ਼ ਦੀ ਵੈਕਸੀਨੇਸਨ ਦੇਣ ਦੀ ਟਰੇਨਿੰਗ ਦਿੱਤੀ ਜਾਵੇ। ਇੰਟਰਾਡਰਮਲ ਪ੍ਰਣਾਲੀ ਰਾਹੀਂ ਐਂਟੀ ਰੇਬੀਜ਼ ਵੈਕਸੀਨ ਲਗਾਉਣ ਲਈ ਸਿਹਤ ਕਾਮਿਆ ਦੀ ਟ੍ਰੇਨਿੰਗ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਚੌਕਸੀ ਵਿੰਗ,ਦਫਤਰ ਡੀ.ਐਚ.ਐਸ

- ਸੰਗਤ ਦਰਸ਼ਨ ਦੌਰਾਨ ਹੋਈਆਂ ਸ਼ਿਕਾਇਤਾਂ ਦਾ  ਤੁਰੰਤ ਨਿਪਟਾਰਾ ਕੀਤਾ ਜਾਵੇ ਅਤੇ ਜਵਾਬ ਸਟੇਟ ਹੈਡਕੁਆਟਰ ਸਮੇਂ ਸਿਰ ਭੇਜੇ ਜਾਣ।
- ਸਾਲ 2014-15 ਦੀਆਂ ਰਹਿੰਦੀਆਂ ਪਰਾਪਰਟੀ ਰਿਟਰਨਾਂ ਭੇਜੀਆਂ ਜਾਣ।
- ਸਾਲ 2015-16 ਦੀਆਂ ਸਾਰੇ ਅਧਿਕਾਰੀਆਂ ਦੀਆਂ ਪਰਾਪਰਟੀ ਰਿਟਰਨਾਂ ਸਮੇਂ ਸਿਰ ਸਟੇਟ ਹੈਡਕੁਆਰਟਰ ਭੇਜੀਆਂ ਜਾਣ
- ਪੀ.ਆਰ ਸਬੰਧੀ ਰਿਪੋਰਟ ਤੁਰੰਤ ਸਟੇਟ ਹੈਡਕੁਆਰਟਰ ਭੇਜੀ ਜਾਵੇ।
- ਸਾਲ 2013-14-15-16 ਦੀਆਂ ਪੈਡਿੰਗ ਪਈਆਂ ਸ਼ਿਕਾਇਤਾ ਦਾ ਨਿਪਟਾਰਾ ਕਰਕੇ ਸੂਚਨਾ ਤੁਰੰਤ ਸਟੇਟ ਹੈਡਕੁਆਰਟਰ ਭੇਜੀ ਜਾਵੇ।

ਆਰ.ਐਨ.ਟੀ.ਸੀ.ਪੀ

- ਟੀ.ਬੀ ਨੋਟੀਫਾਈਏਬਲ ਡਿਸੀ਼ਜ ਹੈ।ਇਸ ਸਬੰਧੀ ਪ੍ਰਾਈਵੇਟ ਡਾਕਟਰਾਂ ਨੂੰ ਜਾਗਰੂਕ ਕਰਨ ਉਪਰੰਤ ਮਹੀਨਾਵਾਰ ਰਿਪੋਰਟਾਂ ਲਈਆਂ ਜਾਣ।
- ਫਾਜਿਲਕਾ ਵਿਖੇ ਡੀ.ਟੀ.ਓ ਲਗਾਇਆ ਜਾਵੇ।
- ਰਿਪੋਰਟਾਂ ਸਮੇਂ ਸਿਰ ਭੇਜੀਆਂ ਜਾਣ।

ਐਨ.ਪੀ.ਸੀ.ਬੀ

- ਆਈ ਡੋਨੇਸਨ 25 ਅਗਸਤ ਤੋਂ 9 ਸਤੰਬਰ ਤੱਕ ਮਨਾਈ ਜਾਵੇਗੀ।
- ਈਕਿਊਪਮੈਂਟ ਦੀ ਡਿਮਾਂਡ ਭੇਜੀ ਜਾਵੇ।

ਆਰ.ਬੀ.ਐਸ.ਕੇ ਪ੍ਰੋਗਰਾਮ :-

- ਸਾਰੇ ਜ਼ਿਲ੍ਹੇ ਫਿਜੀਕਲ ਅਤੇ ਫਾਈਨੈਂਸੀਅਲ ਮਹੀਨਾਵਾਰ ਪ੍ਰਗਤੀ ਰਿਪੋਰਟ ਡਿਜੀਜਵਾਈਜ ਭੇਜਣ।
- ਆਰ.ਐਚ.ਡੀ/ਸੀ.ਐਚ.ਡੀ ਪੈਂਡਿੰਗ ਕੇਸਾ ਦੀ ਲਾਈਨ ਲਿਸਟਿੰਗ ਕੀਤੀ ਜਾਵੇ ਅਤੇ ਪੈਂਡਿੰਗ ਕੇਸਾ ਦੀ ਪੈਰਵੀ ਵੀ ਕੀਤੀ ਜਾਵੇ ਅਤੇ ਸਟੇਟਸ ਰਿਪੋਰਟ ਭੇਜੀ ਜਾਵੇ।

- ਅੰਮ੍ਰਿਤਸਰ ਥੈਲਾਸੀਮੀਆ ਵੈਲਫੇਅਰ ਸੁਸਾਇਟੀ, ਅੰਮ੍ਰਿਤਸਰ ਸਹੀ ਇਲਾਜ ਮੁਹੱਈਆ ਨਹੀ ਕਰਵਾ ਰਹੀ। ਆਖਰੀ ਖਰਚਾ ਮਈ 2013 ਨੂੰ ਕੀਤਾ ਗੀਆ ਸੀ ਇਸ ਸਬੰਧੀ ਤੁਰੰਤ ਸਟੇਟਸ ਰਿਪੋਰਟ ਭੇਜੀ ਜਾਵੇ।
- ਸਕੂਲਾ ਵਿੱਚWIFSਦੀ ਸੁਪਰਵੀਜਨ ਮੋਬਾਈਲ ਹੈਲਥ ਟੀਮ ਕਰੇਗੀ।
- ਐਸ.ਐਮ.ਓ ਮੋਬਾਈਲ ਹੈਲਥ ਟੀਮ ਨਾਲ ਇੱਕ ਏ.ਐਨ.ਐਮ ਨੂੰ ਭੇਜਣ ਤਾ ਜੋ ਪਹਿਲੀ ਕਲਾਸ ਲਈ ਡੀ.ਪੀ.ਟੀ ਬੂਸਟਰ, ਪੰਜਵੀ ਕਲਾਸ ਲਈ ਟੀ.ਟੀ, ਦਸਵੀ ਕਲਾਸ ਲਈ ਟੀ.ਟੀ ਦੇਣਾ ਯਕੀਨੀ ਬਣਾਇਆ ਜਾਵੇ।
- ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ 3:00PMਤੱਕ ਰਿਪੋਰਟਾ ਭੇਜੀਆ ਜਾਣ।

ਧੰਨਵਾਦ ਮਤੇ ਨਾਲ ਕਾਨਫਰੰਸ ਸਮਾਪਤ ਹੋਈ।

-sd-

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ